# ਜਮਾਤ–10+2
# ਵਿਸ਼ਾ–ਪੰਜਾਬੀ ਚੋਣਵੀਂ

## ਕਵਿਤਾ

ਕਵਿਤਾ ਦਾ ਜਨਮ ਹਰ ਸਾਹਿਤ ਵਿੱਚ ਵਾਰਤਕ ਤੋਂ ਪਹਿਲਾਂ ਹੁੰਦਾ ਹੈ। ਕਵਿਤਾ ਕਵੀ ਦੇ ਹਿਰਦੇ ਵਿੱਚੋਂ ਆਪ-ਮੁਹਾਰੇ ਫੁੱਟਦੀ ਹੈ ਅਤੇ ਆਪ ਮੁਹਾਰੇ ਹੀ ਇੱਕ ਵਹਾਅ ਅੰਦਰ ਤੁਰੀ ਜਾਂਦੀ ਹੈ ।

ਸਵਿਨਬਰਨ ਅਨੁਸਾਰ ," ਕਵਿਤਾ ਮਨੁੱਖ ਦੀ ਆਤਮਾ ਦੀ ਅਵਾਜ਼ ਹੁੰਦੀ ਹੈ । "

ਸ਼ੈਲੇ ਦੇ ਸ਼ਬਦਾਂ ਵਿੱਚ , " ਕਵਿਤਾ ਸੰਸਾਰ ਦੀ ਛੁਪ ੀ ਸੁੰਦਰਤਾ ਤੋਂ ਪਰਦਾ ਉਠਾਉਂਦੀ ਹੈ ਅਤੇ ਜਾਣੀਆਂ-ਪਛਾਣੀਆਂ ਚੀਜਾਂ ਨੂੰ ਅਜਿਹੀ ਸ਼ਕਲ ਦਿੰਦੀ ਹੈ , ਜਿਵੇਂ ਉਹ ਜਾਣੀਆ-ਪਛਾਣੀਆਂ ਨਾ ਹੋਣਾ ।"

ਪ੍ਰੋ. ਪੂਰਨ ਸਿੰਘ ਅਨੁਸਾਰ , " ਪਿਆਰਵਿੱਚ ਮੋਏ ਬੰਦਿਆ ਮਿੱਠੇ ਬਚਨ ਕਵਿਤਾ ਹਨ। "

ਕਵਿਤਾ ਨੂੰ ਜੀਵਨ ਦਾ ਸੱਚ ਤੇ ਪਰਮਾਤਮਾ ਤੱਕ ਪਹੁੰਚਣ ਦਾ ਸਾਧਨ ਸਮਝਿਆ ਜਾਂਦਾ ਹੈ ।ਸਦੀਵੀਪਨ ਦੀ ਤਲਾਸ਼ ਕਵਿਤਾ ਰਾਹੀਂ ਹੋ ਸਕਦੀ ਹੈ।

### ਕਵਿਤਾ ਦੇ ਤੱਤ

1. ਕਲਪਨਾ :– ਕਵਿਤਾ ਦੇ ਤੱਤਾ ਅੰਦਰ ਪਹਿਲਾ ਸਥਾਨ ਕਲਪਨਾ ਦਾ ਹੈ । ਕਵੀ ਆਪਣੀ ਖਿਆਲ ਉਡਾਰੀ ਰਾਹੀਂ ਉੱਥੇ ਪਹੁੰਚ ਸਕਦਾ ਹੈ ਜਿੱਥੇ ਆਮ ਇਨਸਾਨ ਪਹੁੰਚਣ ਦੀ ਸੋਚ ਵੀ ਨਹੀਂ ਸਕਦਾ। ਕਵੀ ਆਪਣੀ ਕਲਪਨਾ ਰਾਹੀਂ ਘਟਨਾਵਾਂ ਜਾਂ ਚੀਜ਼ਾਂ ਦੇ ਡੂੰਘੇ ਅਰਥ ਤਲਾਸ਼ ਕਰ ਲੈਂਦਾ ਹੈ । ਉਹ ਆਲੇ ਦੁਆਲੇ ਤੋਂ ਜੀਵਨ ਦੀਆਂ ਡੂੰਘੀਆਂ ਸਚਾਈਆਂ ਦੀ ਤਲਾਸ਼ ਕਰਕੇ ਉਹਨਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਂਦਾ ਹੈ।

2 . ਜਜ਼ਬਾ ਜਾਂ ਵਲਵਲਾ :- ਕਵਿਤਾ ਵਿਅਕਤੀ ਦੇ ਮਨ ਅੰਦਰਲੇ ਵਲਵਲਿਆਂ ਅਤੇ ਜਜਬਿਆਂ ਦਾ ਪ੍ਰਗਟਾਅ ਹੁੰਦੀ ਹੈ। ਜਿਹੜੀ ਕਵਿਤਾ ਜਜ਼ਬੇ ਦੇ ਪੱਖ ਤੋਂ ਕਮਜ਼ੋਰ ਹੁੰਦੀ ਹੈ , ਉਸਦਾ ਪੱਧਰ ਕਦੇ ਵੀ ਉੱਚਾ ਨਹੀਂ ਹੋ ਹੈ। ਜਿੰਨਾ ਜ਼ਿਆਦਾ ਕੋਈ ਜਜ਼ਬਾਤੀ ਹੁੰਦਾ ਹੈ , ਓਨੀ ਚੰਗੀ ਕਵਿਤਾ ਉਹ ਲਿਖ ਸਕਦਾ ਹੈ।

3. ਤਾਲ ਜਾਂ ਰਿਦਮ :- ਕਵਿਤਾ ਅੰਦਰ ਤਾਲ ਜਾਂ ਰਿਦਮ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਇਹ ਰਿਦਮ ਦੇ ਸਹਾਰੇ ਤੋਂ ਬਿਨਾ ਸ੍ਰੋਤੇ ਜਾਂ ਪਾਠਕ ਨੂੰ ਅਪੀਲ ਨਹੀਂ ਕਰ ਸਕਦੀ । ਕਵਿਤਾ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਛੰਦ ਤੋਂ ਬਿਨਾਂ ਚੰਗੀ ਲੱਗ ਸਕਦੀ ਹੈ ਪਰ ਰਿਦਮ ਤੋਂ ਬਿਨਾਂ ਨਹੀਂ ਚਲ ਸਕਦੀ ।

4.ਪ੍ਰਵਾਹ :- ਕਵਿਤਾ ਅੰਦਰ ਪ੍ਰਵਾਹ ਦਾ ਹੋਣਾ ਜ਼ਰੂਰੀ ਹੈ ਅਤੇ ਇਸ ਨੂੰ ਪੜ੍ਹਨ ਤੇ ਇਹ ਮਹਿਸੂਸ ਹੋਵੇ ਜਿਵੇਂ ਕਿ ਕੋਈ ਨਦੀ ਜਾਂ ਝਰਨਾ ਆਪਣੇ ਕੁਦਰਤੀ ਵਹਾਅ ਵਿੱਚ ਬਿਨਾਂ ਰੋਕ - ਟੋਕ ਤੁਰਿਆ ਜਾਂਦਾ ਹੈ। ਜਿਸ ਕਵਿਤਾ ਆ ਪ- ਮੁਹਾਰਾਪਨ ਨਹੀਂ ਹੁੰਦਾ , ਉਹ ਕਵਿਤਾ ਕਦੇ ਵੀ ਉੱਚ ਦਰਜੇ ਦੀ ਨਹੀਂ ਹੋ ਸਕਦੀ।

5.ਬਿੰਬ :- ਕਵਿਤਾ ਵਿੱਚ ਬਿੰਬ ਹੋਣਾ ਬਹੁਤ ਜਰੂਰੀ ਹੈ । ਥੋੜਾ ਕਹਿ ਕੇ ਡੂੰਘਾਈ ਵਿੱਚ ਜਾ ਕੇ ਗੱਲ ਸਮਝਾਉਣ ਲਈ ਅੱਖਾਂ ਦੇ ਸਾਹਮਣੇ ਕਿਸੇ ਘਟਨਾ ਦਾ ਚਿੱਤਰ ਖਿੱਚ ਦੇਣ ਲਈ ਬਿੰਬਾਂ ਦੀ ਲੋੜ ਹੁੰਦੀ ਹੈ । ਬਿੰਬ ਇੰਦਰੀਆਂ ਦੇ ਮਾਧਿਅਮ ਰਾਹੀਂ ਅਧਿਆਤਮਕ ਅਤੇ ਬੌਧਿਕ ਸਚਾਈਆਂ ਉੱਪਰ ਪਹੁੰਚਣਦਾ ਮਾਰਗ ਹੁੰਦਾ ਹੈ। ਸ਼ੇਖ ਫਰੀਦ ਜੀ ਨੇ ਬਗਲਾ ਬਿੰਬ ਰਾਹੀਂ ਕਪਟੀ ਮਨੁੱਖ ਨੂੰ ਚਿਤਰਿਆ ਹੈ।

6. ਛੰਦ:- ਪੁਰਾਤਨ ਵਿਦਵਾਨਾਂ ਅਨੁਸਾਰ ਛੰਦ ਦੀ ਲੋੜ ਕਵਿਤਾ ਦੇ ਸੰਬੰਧ ਵਿੱਚ ਪੈਂਦੀ ਹੈ। ਛੰਦ ਕਵਿਤਾ ਅੰਦਰ ਇੱਕ ਪ੍ਰਕਾਰ ਦਾ ਸੰਤੁਲਨ ਲਿਆਉਂਦਾ ਹੈ ਅਤੇ ਜਜਬਿਆਂ ਨੂੰ ਲਗਾਮ ਪਾਉਂਦਾ ਹੈ। ਅੱਜ ਦੇ ਲੇਖਕ ਖੁੱਲੀ ਕਵਿਤਾ ਲਿਖਦੇ ਹਨ ਜਿਸ ਵਿੱਚ ਛੰਦਾਂ ਦੀ ਕੈਦ ਨਹੀਂ ਹੁੰਦੀ।

7.ਭਾਸ਼ਾ:- ਭਾਸ਼ਾ ਦੀ ਉਚਿਤ ਵਰਤੋਂ ਵੀ ਕਵਿਤਾ ਲਈ ਬਹੁਤ ਜ਼ਰੂਰੀ ਹੈ। ਜੇਕਰ ਕਵਿਤਾ ਠੀਕ ਭਾਸ਼ਾ ਵਿੱਚ ਲਿਖੀ ਜਾਵੇ ਤਾਂ ਬਹੁਤ ਪਸੰਦ ਕੀਤੀ ਜਾਂਦੀ ਹੈ ਅਤੇ ਪੜ੍ਹਨ , ਸੁਣਨ ਵਾਲਿਆਂ ਨੂੰ ਅਪੀਲ ਕਰਦੀ ਹੈ। ਭਾਸ਼ਾ ਕਵਿਤਾ ਵਿੱਚ ਇੱਕ ਪ੍ਰਕਾਰ ਦਾ ਚਮਤਕਾਰ ਪੈਦਾ ਕਰਦੀ ਹੈ , ਜਿਸ ਨਾਲ ਪੜ੍ਹਨ , ਸੁਣਨ ਵਾਲਿਆ ਉਪਰ ਬਹੁਤ ਚੰਗਾ ਪ੍ਰਭਾਵਪੈਂਦਾ ਹੈ।

8.ਅਲੰਕਾਰ :- ਅਲੰਕਾਰ ਵੀ ਕਵਿਤਾ ਦਾ ਇੱਕ ਪ੍ਰਮੁੱਖ਼ ਤੱਤ ਹ ੈ। ਅਲੰਕਾਰਾਂ ਦੀ ਵਰਤੋਂ ਨਾਲ ਕਵਿਤਾ ਅੰਦਰ ਜਾਨ ਆਉਂਦੀ ਹੈ। ਪੱਛਮੀ ਵਿਦਵਾਨ ਲੁਕਸ ਇੱਕ ਥਾਂ ਆਖਦਾ ਹੈ ," ਉਪਮਾ ਤੇ

ਰੂਪਕ ਤੋਂ ਸੱਖਣੀ ਸ਼ੈਲੀ ਮੈਨੂੰ ਇਉਂ ਜਾਪਦੀ ਹੈ ਜਿਵੇਂ ਸੂਰਜ ਦੀ ਰੋਸ਼ਨੀ ਤੋਂ ਹੀਣਾ ਦਿਨ ਅਤੇ ਪੰਛੀਆਂ ਤੋਂ ਸੱਖਣਾ ਜੰਗਲ ਹੋਵੇ।"

9. ਪ੍ਰਤੀਕ:- ਜਿਹੜੇ ਕਾਵਿ ਚਿੰਨ ਘਸ - ਘਸ ਕੇ ਲੋਕਾਂ ਵਿੱਚ ਹਰਮਨ ਪਿਆਰ ਹੋ ਜਾਦੇ ਹਨ , ਉਹਨੂੰ ਪ੍ਰਤੀਕ ਆਖਦੇ ਹਨ। ਪ੍ਰਤੀਕ ਕਵਿਤਾ ਦੀ ਜਿੰਦ - ਜਾਨ ਹੁੰਦੇ ਹਨ।

ਦੋ ਟੋਟਿਆ ਵਿੱਚ ਭੋਂ ਟੁੱਟੀ
ਇੱਕ ਮਹਿਲਾਂ ਦੀ ਇੱਕ ਢੋਕਾਂ ਦੀ।
ਦੋ ਧੜਿਆਂ ਵਿੱਚ ਖਲਕਤ ਵੰਡੀ
ਇੱਕ ਲੋਕਾਂ ਦੀ ਇੱਕ ਜੋਕਾਂ ਦੀ।'

10.ਸੈ਼ਲੀ :- ਹਰੇਕ ਕਵੀ ਦਾ ਆਪਣਾ ਲਿਖਣ ਢੰਗ ਹੁੰਦਾ ਹੈ। ਜੇਕਰ ਕੋਈ ਦੋ ਕਵੀ ਕਿਸੇ ਇੱਕ ਗੱਲ ਨੂੰ ਲੈ ਕੇ ਕਵਿਤਾ ਲਿਖਣ ਤਾਂ ਦੋਹਾਂ ਦੀ ਕਵਿਤਾ ਦੀ ਨੁਹਾਰ ਵੱਖਰੀ ਹੋਵੇਗੀ । ਸੈ਼ਲੀ ਇੱਕ ਅੰਦਾਜ਼ ਹੈ, ਲਿਖਣ ਢੰਗ ਹੈ, ਕਵਿਤਾ ਅੰਦਰ ਇਸਦਾ ਮਹੱਤਵ ਹਮੇਸ਼ਾ ਹੀ ਰਹਿੰਦਾ ਹੈ ਕਿਸੇ ਦੀ ਸੈ਼ਲੀ ਦੀ ਨਕਲ ਕਿਸੇ ਨੂੰ ਉੱਚਾ ਕਵੀ ਨਹੀਂ ਬਣਾ ਸਕਦੀ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਕਵਿਤਾ ਮਨੁੱਖ ਦੇ ਧੁਰ ਅੰਦਰ ਦੀ ਅਵਾਜ਼ ਹੈ।ਜੋ ਕੁੱਝ ਮਨੁੱਖ ਦੇ ਮਨ ਅੰਦਰ ਹੁੰਦਾ ਹੈ , ਉਹ ਆਪ- ਮੁਹਾਰੇ ਬਾਹਰ ਵੱਲ ਮੂੰਹ ਕਰ ਲੈਂਦਾ ਹੈ। ਕਵਿਤਾ ਦੇ ਪ੍ਰਮੁੱਖ ਤੱਤਾਂ ਵਿੱਚ ਕਲਪਨਾ , ਜ਼ਜਬਾ ਜਾਂ ਵਲਵਲਾ , ਤਾਲ ਜਾਂ ਰਿਦਮ,ਪ੍ਰਵਾਹ, ਬਿੰਬ , ਭਾਸ਼ਾ, ਅਲੰਕਾਰ , ਛੰਦ , ਪ੍ਰਤੀਕ ,ਰਸ ਅਤੇ ਸੈ਼ਲੀ ਆਦਿ ਸ਼ਾਮਲ ਹਨ।

ਪੰਜਾਬੀ ਦੇ ਪ੍ਰਮੁੱਖ ਕਵੀ :- ਸੂਫੀ ਕਵੀ ਬਾਬਾ ਫਰੀਦ,ਸ਼ਾਹ ਹੁਸੈਨ,ਬੁੱਲੇ ਸ਼ਾਹ,ਗੁਰੁ-ਕਾਵਿ ਪਰੰਪਰਾ ਵਿੱਚ ਗੁਰੁ ਨਾਨਕ ਦੇਵ ਜੀ,ਗੁਰੁ ਅਮਰਦਾਸ ਜੀ,ਗੁਰੁ ਅਰਜਨ ਦੇਵ ਜੀ ,ਕਿੱਸਾ -ਕਾਵਿ ਪਰੰਪਰਾ ਵਿੱਚ ਦਮੋਦਰ,ਪੀਲੂ,ਵਾਰਿਸ ਸ਼ਾਹ,ਹਾਸ਼ਮ ਸ਼ਾਹ, ਬੀਰ-ਕਾਵਿ ਪਰੰਪਰਾ ਵਿੱਚ ਗੁਰੂ ਗੋਬਿੰਦ ਸਿੰਘ ਜੀ, ਨਜਾਬਤ ਤੇ ਸ਼ਾਹ ਮੁਹੰਮਦ,ਆਧੁਨਿਕ ਕਵਿਤਾ ਵਿੱਚ ਭਾਈ ਵੀਰ ਸਿੰਘ , ਧਨੀ ਰਾਮ ਚਾਤ੍ਰਿਕ , ਪ੍ਰੋ ਪੂਰਨ ਸਿੰਘ , ਪ੍ਰੋ. ਮੋਹਨ ਸਿੰਘ , ਅੰਮ੍ਰਿਤਾ ਪ੍ਰੀਤਮ , ਸ਼ਿਵ ਕੁਮਾਰ ਬਟਾਲਵੀ , ਬਾਵਾ ਬਲਵੰਤ , ਹਰਭਜਨ ਸਿੰਘ , ਪਾਸ਼ ਅਤੇ ਸੁਰਜੀਤ ਪਾਤਰ ਆਦਿ ਵਿਸ਼ੇਸ਼ ਨਾਂ ਹਨ।

ਤਿਆਰ ਕਰਤਾ:

ਸੁਖਮੰਦਰ ਸਿੰਘ
ਲੈਕਚਰਾਰ ਪੰਜਾਬੀ, ਸਸਸਸ ਰਾਮੇਆਣਾ (ਫ਼ਰੀਦਕੋਟ)

ਸੰਦੀਪ ਸਿੰਘ ਚਹਿਲ
ਲੈਕਚਰਾਰ ਪੰਜਾਬੀ, ਸਸਸਸ ਸਰਾਵਾਂ (ਫ਼ਰੀਦਕੋਟ)